:

# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਬਠਿੰਡਾ

E-Mail id: dpobathinda@gmail.com Tel: 0164-2217295

ਵੱਲ

ਸਮੂਹ ਬੀ.ਪੀ.ਈ.ਓਜ਼,
ਸਮੂਹ ਪ੍ਰਿੰਸੀਪਲ ਅਤੇ ਹੈੱਡ ਮਾਸਟਰ
ਜਿਲ੍ਹਾ ਬਠਿੰਡਾ।

ਪੱਤਰ ਨੰ:-ਸਸਅ/ਆਈ.ਈ.ਡੀ./2026-27/ 2537

ਮਿਤੀ ਬਠਿੰਡਾ: 11/05/2026

ਵਿਸ਼ਾ- ਦਿਵਿਆਂਗ ਬੱਚਿਆਂ ਦੇ ਡਿਸਐਬਿਲਟੀ ਸਰਟੀਫਿਕੇਟ ਬਨਾਉਣ ਸਬੰਧੀ।

ਅੰਕਿਤ ਵਿਸ਼ਾ ਅਧੀਨ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ ਵਿੱਚ ਦਾਖਲ ਬਿਨਾਂ ਡਿਸਐਬਿਲਟੀ ਸਰਟੀਫਿਕੇਟ ਵਾਲੇ ਦਿਵਿਆਂਗ ਵਿਦਿਆਰਥੀਆਂ ਲਈ ਸਿਵਲ ਹਸਪਤਾਲ ਬਠਿੰਡਾ ਦੇ ਵਨ ਸਟੈੱਪ ਸੈਂਟਰ ਵਿਖੇ ਡਿਸਐਬਲਿਟੀ ਸਰਟੀਫਿਕੇਟ ਸਰਟੀਫਿਕੇਟ ਬਣਾਏ ਜਾ ਰਹੇ ਹਨ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਬੰਧਤ ਬੱਚਿਆਂ ਦੇ ਮਾਪਿਆਂ ਸੂਚਨਾਂ ਦਿੱਤੀ ਜਾਵੇ ਕਿ ਬੱਚੇ ਦੇ ਆਧਾਰ ਕਾਰਡ (ਬੱਚੇ ਅਤੇ ਮਾਤਾ ਪਿਤਾ ਦਾ), ਜਨਮ ਸਰਟੀਫਿਕੇਟ, 2 ਫੋਟੋ, ਸਕੂਲ ਵਿੱਚ ਪੜ੍ਹਨ ਦਾ ਸਬੂਤ ਲੈ ਕੇ ਉਕਤ ਸੈਂਟਰ ਵਿੱਚ ਸਵੇਰੇ 08.00 ਵਜੇ ਤੋਂ ਦੁਪਿਹਰ 12.00 ਵਜੇ ਤੱਕ ਬਣਵਾ ਸਕਦੇ ਹਨ। ਇਸ ਸਬੰਧੀ ਜੇਕਰ ਕਿਸੇ ਬੱਚੇ ਦੀ ਮੈਡੀਕਲ ਰਿਪੋਰਟ ਉਪਲਬੱਧ ਹੈ ਤਾਂ ਉਹ ਆਪਣੀ ਮੈਡੀਕਲ ਰਿਪੋਰਟ ਨਾਲ ਲੈ ਕੇ ਜਾਣ ਤਾਂ ਜੋ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ। ਯੂ.ਡੀ.ਆਈ.ਡੀ. ਕਾਰਡ ਬਨਾਉਣ ਸਬੰਧੀ ਸ਼੍ਰੀ ਪਰਸ਼ੋਤਮ ਲਾਲ ਆਈ.ਈ.ਆਰ.ਟੀ, ਸ਼੍ਰੀਮਤੀ ਗੁਰਪ੍ਰੀਤ ਕੌਰ ਡੀ.ਐਸ.ਆਰ.ਸੀ. ਬਲਾਕ ਬਠਿੰਡਾ/ ਤਲਵੰਡੀ ਸਾਬੋ ਦੀ ਡਿਊਟੀ ਮਿਤੀ 11.05.2026 ਤੋਂ 15.05.2026 ਤੱਕ ਲਈ ਲਗਾਈ ਜਾਂਦੀ ਹੈ। ਇਸ ਸਬੰਧੀ ਬਣਾਏ ਗਏ ਸਰਟੀਫਿਕੇਟਾਂ ਦੀ ਰਿਪੋਰਟ ਸਬੰਧਤ ਕਰਮਚਾਰੀਆਂ ਵੱਲੋਂ ਰੋਜਾਨਾ ਨਿਮਨਹਸਤਾਖਰੀ ਦੇ ਦਫਤਰ ਦੇ ਆਈ.ਈ.ਡੀ. ਸੈਲ ਵਿਖੇ ਭੇਜਣੀ ਯਕੀਨੀ ਬਣਾਈ ਜਾਵੇ।

11/05/26

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਬਠਿੰਡਾ

11/5/26

ਜਿਲ੍ਹਾ ਸਿੱਖਿਆ ਅਫਸਰ(ਐ.ਸਿ.),
ਬਠਿੰਡਾ

11/5/2026
DSE/IEDC